ਅਰਮਾਨ (ARMAAN)
(An International Multidisciplinary, Open Access
Peer-Reviewed & Indexed Research Journal)
Vol. 4 | Issue 1| Jan.-Mar. 2026

ISSN: 2583-9446 (O)
Paper Published Id: ARMN040128
Available online at: www.armaan.org.in
DOI: https://doi.org/10.64119/armaan.vol.4.issue1.28

# ਅਜੀਤ ਰਾਹੀ ਦੀ ਵਾਰਤਕ ਕਲਾ ਅਤੇ ਸਾਹਤਿਕ ਯੋਗਦਾਨ

# Ajit Raahi Di Vartak Kala Ate Sahitik Yogdan

**ਡਾ.ਮਲਕੀਅਤ ਸਿੰਘ (Dr. Malkiat Singh)**
ਸਹਾਇਕ ਪ੍ਰੋਫੈਸਰ (Assistant Professor)
ਟ੍ਰਿਨਿਟੀ ਕਾਲਜ ਜਲੰਧਰ (ਪੰਜਾਬ)
Email ID: mmsohnie9@gmail.com ਮੋਬਾਈਲ: +91- 98559-81100

*ਸਾਰ (Abstract)*

*ਪਰਵਾਸੀ ਪੰਜਾਬੀ ਸਾਹਿਤਕਾਰ ਅਜੀਤ ਰਾਹੀ ਸਾਹਿਤਕ ਜਗਤ ਵਿਚ ਕਵੀ, ਵਾਰਤਕਕਾਰ ਅਤੇ ਗਲਪਕਾਰ ਵਜੋਂ ਹੋਂਦ ਸਥਾਪਿਤ ਕਰਦਾ ਹੈ। ਅਜੀਤ ਰਾਹੀ ਦੀ ਵਾਰਤਕ ਕਲਾ ਬੁੱਧੀ, ਜਜ਼ਬੇ ਅਤੇ ਨਿਰਪੱਖ ਪਾਰਖੂ ਦ੍ਰਿਸ਼ਟੀ ਦਾ ਸੁਮੇਲ ਹੈ, ਜਿਸ ਵਿੱਚ ਨਕਸਲੀ ਫ਼ਲਸਫ਼ੇ ਅਤੇ ਮਨੁੱਖੀ ਅਨੁਭਵਾਂ ਦੀ ਪ੍ਰਮਾਣਿਕਤਾ ਸਾਫ਼ ਝਲਕਦੀ ਹੈ। ਪਰਵਾਸੀ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਇੱਕ ਬਹੁ-ਪੱਖੀ ਹਸਤਾਖ਼ਰ ਵਜੋਂ ਸਥਾਪਿਤ ਰਾਹੀ ਨੇ ਸਵੈ-ਜੀਵਨੀ (ਅੱਧੀ ਸਦੀ ਦਾ ਸਫ਼ਰ), ਸਫ਼ਰਨਾਮਾ (ਥਲ ਡੂੰਘਰ ਭਵਿਓਮ), ਜੀਵਨੀ-ਮੂਲਕ ਨਿਬੰਧ (ਕਬਰ ਜਿਨ੍ਹਾਂ ਦੀ ਜੀਵੇ ਹੂ) ਅਤੇ ਸੰਸਮਰਣਾਂ (ਆਪਣੇ ਸਨਮੁੱਖ) ਰਾਹੀਂ ਪੰਜਾਬੀ ਵਾਰਤਕ ਦੇ ਘੇਰੇ ਨੂੰ ਵਿਸ਼ਾਲ ਕੀਤਾ ਹੈ। ਉਸ ਦੀਆਂ ਲਿਖਤਾਂ ਪਰਿਵਾਰਕ ਪਿਛੋਕੜ, ਯੂਰਪੀਨ ਸੱਭਿਆਚਾਰ, ਵਿਸ਼ਵ ਸਾਹਿਤ ਦੇ ਦਿੱਗਜਾਂ ਅਤੇ ਨਕਸਲਵਾਦੀ ਲਹਿਰ ਦੇ ਸਾਥੀਆਂ ਨਾਲ ਜੁੜੀਆਂ ਯਾਦਾਂ ਨੂੰ ਇੱਕ ਇਤਿਹਾਸਿਕ ਤੇ ਮਨੋਵਿਗਿਆਨਕ ਸੱਚ ਵਜੋਂ ਪੇਸ਼ ਕਰਦੀਆਂ ਹਨ। ਆਪਣੀ ਸਾਫ਼-ਸੁਥਰੀ ਸ਼ੈਲੀ, ਕਾਵਿਕਤਾ ਅਤੇ ਬੇਬਾਕ ਬਿਆਨਬਾਜ਼ੀ ਸਦਕਾ ਅਜੀਤ ਰਾਹੀ ਦੀ ਵਾਰਤਕ ਪੰਜਾਬੀ ਸਾਹਿਤ ਵਿੱਚ ਇੱਕ ਮੌਲਿਕ ਅਤੇ ਵਿਲੱਖਣ ਸਥਾਨ ਦੀ ਅਧਿਕਾਰੀ ਹੈ।*

*ਕੀਵਰਡ (Keyword): ਪਰਵਾਸੀ ਸਾਹਿਤ, ਪੰਜਾਬੀ ਵਾਰਤਕ, ਸਵੈ-ਜੀਵਨੀ, ਸਫ਼ਰਨਾਮਾ, ਨਕਸਲੀ ਫ਼ਲਸਫ਼ਾ, ਮਾਨਵੀ ਅਨੁਭਵ, ਸੰਸਮਰਣ, ਸ਼ੈਲੀ।*

ਪੰਜਾਬੀ ਸਾਹਿਤਕ ਜਗਤ ਵਿਚ ਪਰਵਾਸੀ ਪੰਜਾਬੀ ਸਾਹਿਤਕਾਰ ਅਜੀਤ ਰਾਹੀ ਜਾਣਿਆ ਪਛਾਣਿਆ ਹਸਤਾਖ਼ਰ ਹੈ। ਉਸਦੀ ਸ਼ਖਸੀਅਤ ਵੀ ਬਹੁਮੁਖੀ ਹੈ। ਜਿਸਦੀ ਮਿਸਾਲ ਉਸ ਦੁਆਰਾ ਵੱਖ-ਵੱਖ ਸਾਹਿਤਕ ਵੰਨਗੀਆਂ ਵਿਚ ਕੀਤੇ ਕਾਰਜਾਂ ਤੋਂ ਮਿਲਦੀ ਹੈ। ਉਸਦੀ ਵਾਰਤਕ ਕਲਾ ਦਾ ਸਭ ਤੋਂ ਵਿਲੱਖਣ ਗੁਣ ਇਹ ਹੈ ਕਿ ਉਹ ਇਕ ਨਿਰਪੱਖ ਪਾਰਖੂ ਦ੍ਰਿਸ਼ਟੀ ਵਾਲਾ ਲੇਖਕ ਹੈ।ਉਹ ਆਪਣੀਆਂ ਰਚਨਾਵਾਂ ਵਿਚ ਬੁੱਧੀ ਅਤੇ ਜਜ਼ਬੇ ਦਾ ਸੁਮੇਲ ਕਰਨ ਵਿਚ ਵੀ ਪੂਰੀ ਤਰ੍ਹਾਂ ਸਫਲ ਹੋਇਆ ਹੈ। ਉਹ ਜੋ ਕੁਝ ਵੀ ਦੇਖਦਾ ਜਾਂ ਸੁਣਦਾ ਹੈ ਉਸਨੂੰ ਇੰਨੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਦਾ ਹੈ ਕਿ ਉਸਦਾ ਦ੍ਰਿਸ਼ ਇਕ ਦਮ ਅੱਖਾਂ ਮੁਹਰੇ ਪ੍ਰਗਟ ਹੋ ਜਾਂਦਾ ਹੈ। ਨਕਸਲੀ ਫ਼ਲਸਫ਼ਾ ਉਸਦੀਆਂ ਰਚਨਾਵਾਂ ਵਿਚੋਂ ਆਪ ਮੁਹਾਰੇ ਝਲਕਦਾ ਹੈ। ਸਾਹਿਤ ਰਚਨਾ ਵਿਚ ਅਨੁਭਵ ਦੇ ਨਾਲ ਨਾਲ ਸ਼ੈਲੀ ਦਾ ਵੀ ਮਹੱਤਵਪੂਰਨ ਸਥਾਨ ਹੁੰਦਾ ਹੈ। ਅਨੁਭਵ ਅਤੇ ਇਸਦਾ ਪ੍ਰਗਟਾਉ ਸਾਹਿਤ ਦੇ ਮੁੱਖ ਆਧਾਰ ਹਨ। ਜੇ ਅਨੁਭਵ ਦੀ ਗਹਿਰਾਈ ਇਸਦਾ ਪ੍ਰਾਣ ਤੱਤ ਹੈ ਅਤੇ ਅਭਿਵਿਅਕਤੀ ਅਲੌਕਿਕਤਾ ਇਸਨੂੰ ਸਾਹਿਤਕਤਾ ਪ੍ਰਦਾਨ ਕਰਦੀ ਹੈ। ਅਭਿਵਿਅਕਤੀ ਦੀ ਇਸੇ ਵਿਸ਼ੇਸ਼ਤਾ ਨੂੰ ਸ਼ੈਲੀ ਕਿਹਾ ਜਾਂਦਾ ਹੈ। ਵਾਰਤਕ ਦੇ ਅੰਤਰਗਤ ਅਜੀਤ ਰਾਹੀ ਨੇ ਆਧੁਨਿਕ ਪੰਜਾਬੀ ਵਾਰਤਕ ਦੀਆਂ ਵੱਖ-ਵੱਖ ਵੰਨਗੀਆਂ ਤਹਿਤ ਰਚਨਾ ਕੀਤੀ। ਜਿਵੇਂ:

1. ***ਸਵੈ ਜੀਵਨੀ:*** *ਅੱਧੀ ਸਦੀ ਦਾ ਸਫ਼ਰ (1988)*
2. ***ਸਫ਼ਰਨਾਮਾ:*** *ਥਲ ਡੂੰਘਰ ਭਵਿਓਮ (ਯੂਰਪੀ ਦੇਸ਼ਾਂ ਨਾਲ ਸੰਬੰਧਿਤ) 1992*
3. ***ਨਿਬੰਧ ਸੰਗ੍ਰਹਿ:*** *ਕਬਰ ਜਿਨ੍ਹਾਂ ਦੀ ਜੀਵੇ ਹੂ (ਯੂਰਪੀਨ ਲੇਖਕਾਂ ਦੇ ਜੀਵਨ ਨਾਲ ਸੰਬੰਧਿਤ) 1992*
4. ***ਯਾਦਾਂ/ਸੰਸਮਰਣ:*** *ਜ਼ਮੀ ਖਾ ਗਈ ਆਸਮਾਂ ਕੈਸੇ ਕੈਸੇ 2005 ਆਪਣੇ ਸਨਮੁਖ 2005*

### ਅੱਧੀ ਸਦੀ ਦਾ ਸਫ਼ਰ

ਮਨੁੱਖੀ ਮਨ ਅੰਦਰ ਆਪਣੇ ਬਾਰੇ ਦੱਸਣ ਅਤੇ ਦੂਜਿਆਂ ਬਾਰੇ ਜਾਣਨ ਦੀ ਇੱਛਾ ਆਦਿ ਕਾਲ ਤੋਂ ਹੀ ਪ੍ਰਬਲ ਰਹੀ ਹੈ। ਉਂਜ ਤਾਂ ਸਮੁੱਚਾ ਸਾਹਿਤ ਹੀ ਮਨੁੱਖ, ਪ੍ਰਕਿਰਤੀ ਅਤੇ ਸਮਾਜ ਦੇ ਆਪਸੀ ਸੰਬੰਧਾਂ ਨੂੰ ਚੰਗੀ ਤਰ੍ਹਾਂ ਜਾਣਨ ਅਤੇ ਜਿਉਣ ਦੇ ਆਸ਼ੇ ਤੋਂ ਰਚਿਆ ਜਾਂਦਾ ਰਿਹਾ ਹੈ ਪਰ ਆਪਣੇ ਸਵੈ-ਬਿੰਬ ਦੀ ਪੇਸ਼ਕਾਰੀ ਇਸ ਮਨੋਰਥ ਨੂੰ ਵਧੇਰੇ ਚੰਗੀ ਤਰ੍ਹਾਂ ਪ੍ਰਸਤੁਤ ਕਰਨ ਦੇ ਆਸ਼ੇ ਤੋਂ ਰਚੀ ਜਾਂਦੀ ਰਹੀ ਹੈ। ਇਸਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇਸ ਵਿਚ ਪ੍ਰਸਤੁਤ ਘਟਨਾਵਾਂ ਦਾ ਵੇਰਵਾ ਅਤੇ ਅਨੁਭਵ ਪੁਸ਼ਟੀ ਯੋਗ ਹੁੰਦਾ ਹੈ। ਅੱਧੀ ਸਦੀ ਦਾ ਸਫ਼ਰ ਸਵੈਜੀਵਨੀ ਵਿਚ ਰਾਹੀ ਦੇ ਪੰਜਾਹ (50) ਵਰ੍ਹਿਆਂ ਦਾ ਜੀਵਨ ਬਿਰਤਾਂਤ ਮਿਲਦਾ ਹੈ। ਇਹਨਾਂ ਪੰਜਾਹ ਵਰ੍ਹਿਆ ਸੰਬੰਧੀ ਉਹ ਸਪੱਸ਼ਟ ਕਰਦਾ ਹੈ ਕਿ:

> *ਜ਼ਿੰਦਗੀ ਦੇ ਪੰਜਾਹ ਸਾਲਾਂ ਦੇ ਸਫ਼ਰ ਵਿਚ ਜੋ ਵਾਪਰਿਆ, ਮੈਂ ਦਾਅਵੇ ਨਾਲ ਤਾਂ ਨਹੀਂ ਕਹਿ ਸਕਦਾ ਕਿ ਸਭ ਕੁਝ ਲਿਖ ਦਿੱਤਾ, ਪਰ ਇਕ ਗੱਲ ਪੂਰੀ ਇਮਾਨਦਾਰੀ ਨਾਲ ਕਹਿੰਦਾ ਹਾਂ ਕਿ ਜੋ ਕੁਝ ਵੀ ਲਿਖਿਆ ਹੈ ਸੱਚ ਲਿਖਿਆ ਹੈ । ਕੁਝ ਲੋਕ ਤਾਂ ਕਹਿਣਗੇ ਕਿ ਇਹ ਠਾਹ ਸੋਟਾ ਮਾਰਿਆ ਹੈ। ਉਹਨਾਂ*

*ਸੱਜਣਾਂ ਨੂੰ ਮੇਰਾ ਇਹ ਹੀ ਉੱਤਰ ਹੈ ਕਿ ਲੋੜ ਲੇਖਕ ਨੂੰ ਉਸ ਵਕਤ ਪੈਂਦੀ ਹੈ ਜਦੋਂ ਉਸ ਨਾਲ ਕੁਝ ਵਾਪਰ ਜਾਂਦਾ ਹੈ।*[1]

ਇਹਨਾਂ ਪੰਜਾਹ ਵਰ੍ਹਿਆਂ ਵਿਚ ਰਾਹੀ ਦੀ ਜ਼ਿੰਦਗੀ ਦੇ ਅਨੇਕਾਂ ਬਿੰਬ ਉੱਭਰਦੇ ਹਨ। ਇਹਨਾਂ ਬਿੰਬਾਂ ਵਿਚੋਂ ਉਹ ਸੂਝਵਾਨ ਕਵੀ, ਨੇਕ ਦਿਲ ਇਨਸਾਨ, ਸੂਝਵਾਨ ਅਧਿਆਪਕ, ਵਾਰਤਕਕਾਰ ਅਤੇ ਗਲਪਕਾਰ ਵਜੋਂ ਹੋਂਦ ਸਥਾਪਿਤ ਕਰਦਾ ਹੈ। ਇਸ ਪੁਸਤਕ ਵਿਚ ਕੁਲ ਸਤਾਈ (27) ਕਾਂਡ ਹਨ। 'ਧੁੰਦਲੇ ਪਰਛਾਵੇਂ ਵਾਲੇ ਕਾਂਡ ਤੋਂ ਹੀ ਸਹੀ ਅਰਥਾਂ ਵਿਚ ਇਸਦਾ ਆਰੰਭ ਹੁੰਦਾ ਹੈ। ਇਸ ਵਿਚੋਂ ਸਿਰਜਨਾਤਮਕ ਰੁਚੀਆਂ ਤੇ ਉਦੇਸ਼ ਦੇ ਮਨੋਭਾਵ ਵਿਚ ਜਨਮ ਲੈਣ ਅਤੇ ਵਿਕਾਸ ਕਰਨ ਸੰਬੰਧੀ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ। ਆਰੰਭਲੇ ਕਾਂਡ ਉਸਦੇ ਪਰਿਵਾਰਕ ਅਤੇ ਸਮਾਜਿਕ ਵਾਤਾਵਰਣ ਦੀ ਉਸਾਰੀ ਵਲ ਰੁਚਿਤ ਹਨ। ਰਾਹੀ ਆਪਣੇ ਜਨਮ ਦੀ ਘਟਨਾ ਨੂੰ ਅਜੀਬ ਢੰਗ ਨਾਲ ਪੇਸ਼ ਕਰਦਾ ਹੈ ਕਿਉਂਜੋ ਜਿਸ ਸ਼੍ਰੇਣੀ ਵਿਚ ਉਸਦਾ ਜਨਮ ਹੋਇਆ ਸੀ ਉਸ ਸਮੇਂ ਸੰਨ ਜਾਂ ਮਿਤੀਆਂ ਨਹੀਂ ਸਨ ਹੁੰਦੀਆਂ ਬਲਕਿ ਮੌਸਮ ਯਾਦ ਰੱਖੇ ਜਾਂਦੇ ਸਨ। ਅਜੀਤ ਰਾਹੀ ਦੀ ਸਵੈਜੀਵਨੀ ਵਿਚੋਂ ਉੱਭਰਦਾ ਉਸਦਾ ਆਤਮ ਬਿੰਬ ਉਸਦੀ ਸ਼ਖ਼ਸੀਅਤ ਦੇ ਅਨੇਕਾਂ ਪੱਖਾਂ ਨੂੰ ਪਾਠਕਾਂ ਸਾਹਮਣੇ ਉਜਾਗਰ ਕਰਦਾ ਹੈ। ਜ਼ਿੰਦਗੀ ਵਿਚ ਆਈ ਹਰ ਮੁਸ਼ਕਲ ਨੂੰ ਉਹ ਬੜੀ ਸਹਿਜ ਬਿਰਤੀ ਨਾਲ ਹੱਲ ਕਰਨ ਵਿਚ ਮਾਹਿਰ ਹੈ। ਰਾਹੀ ਆਪਣੇ ਜੀਵਨ ਵਿਚ ਮਿਹਨਤ, ਇਮਾਨਦਾਰੀ, ਸੰਜਮ ਅਤੇ ਸਚਾਈ ਦੇ ਮਾਰਗ ਤੇ ਚੱਲਣ ਲਈ ਯਤਨਸ਼ੀਲ ਰਿਹਾ ਹੈ। ਇਸਦੇ ਨਾਲ ਹੀ ਅੜਬ ਸੁਭਾਅ ਦਾ ਮਾਲਕ ਵੀ ਰਿਹਾ ਹੈ ਅਤੇ ਆਪਣੇ ਵਿਰੁੱਧ ਹੁੰਦੀ ਜਿਆਦਤੀ ਨੂੰ ਉਹ ਕਦੇ ਵੀ ਸਹਿਣ ਨਹੀਂ ਸੀ ਕਰਦਾ।

ਅੱਧੀ ਸਦੀ ਦਾ ਸਫ਼ਰ ਵਿਚਲੀਆਂ ਘਟਨਾਵਾਂ ਨੂੰ ਰਾਹੀ ਨੇ ਕਾਲ-ਕ੍ਰਮ ਅਤੇ ਤਰਤੀਬ ਅਨੁਸਾਰ ਪੇਸ਼ ਕੀਤਾ ਹੈ। ਵੱਖ-ਵੱਖ ਕਾਂਡਾਂ ਦੇ ਸਿਰਲੇਖ ਉਸ ਵਿਚਲੀਆਂ ਘਟਨਾਵਾਂ ਨੂੰ ਲੜੀਵਾਰ ਬੜੀ ਸੁਚੱਜੀ ਗੋਦ ਵਿਚ ਗੁੰਦੇ ਹੋਏ ਪ੍ਰਤੀਤ ਹੁੰਦੇ ਹਨ। ਆਪਣੇ ਜਨਮ ਤੋਂ ਲੈ ਕੇ ਸਵੈਜੀਵਨੀ ਲਿਖਣ ਤਕ ਵਾਪਰੀਆਂ ਨਿੱਜੀ ਅਤੇ ਆਲੇ-ਦੁਆਲੇ ਨਾਲ ਸੰਬੰਧਿਤ ਸਾਰੀਆਂ ਘਟਨਾਵਾਂ ਨੂੰ ਕਾਲ ਕ੍ਰਮ ਵਿਚ ਸੂਤਰਬੱਧ ਕਰਨ ਦਾ ਯਤਨ ਕੀਤਾ ਹੈ। ਘਟਨਾਵਾਂ ਨੂੰ ਕਿਤੇ ਵੀ ਰਲਗੱਡ ਨਹੀਂ ਹੋਣ ਦਿੱਤਾ। ਰਾਹੀ ਆਪਣੇ ਜਨਮ, ਪਰਿਵਾਰਕ ਜੀਵਨ, ਸਿੱਖਿਆ, ਗ੍ਰਿਹਸਥੀ ਜੀਵਨ, ਅਧਿਆਪਨ ਕਾਰਜ ਦਾ ਸਫ਼ਰ,ਸਮਾਜਕ-ਇਤਿਹਾਸਕ ਤੇ ਸਾਹਿਤਕ ਘਟਨਾਵਾਂ, ਪਰਵਾਸੀ ਹੋਣ ਤਕ ਦਾ ਸਫ਼ਰ ਅਤੇ ਪਰਵਾਸ ਦੌਰਾਨ ਪ੍ਰਾਪਤ ਕੀਤੀ ਪ੍ਰਸਿੱਧੀ ਨੂੰ ਤਰਤੀਬ ਅਨੁਸਾਰ ਪੇਸ਼ ਕਰਦਾ ਹੈ।

**ਥਲ ਡੂੰਘਰ ਭਵਿਉਮ**

ਹਰੇਕ ਸਾਹਿਤ ਰਚਨਾ ਸੁਤੰਤਰ ਚਰਿੱਤਰ ਦੀ ਧਾਰਨੀ ਹੋਣ ਸਦਕਾ ਕਿਸੇ ਨਾ ਕਿਸੇ ਸਾਹਿਤ ਵਿਧਾ ਦੇ ਅੰਤਰਗਤ ਜ਼ਰੂਰ ਆਉਂਦੀ ਹੈ। ਸਫਰਨਾਮਾ ਵਿਧਾ ਆਧੁਨਿਕ ਪੰਜਾਬੀ ਵਾਰਤਕ ਦੀਆਂ ਸਮੁੱਚੀਆਂ ਵਿਧਾਵਾਂ (ਸਵੈਜੀਵਨੀ, ਨਿਬੰਧ, ਜੀਵਨੀ, ਯਾਦਾਂ, ਰੇਖਾ ਚਿੱਤਰ ਆਦਿ) ਨਾਲੋਂ ਮਹੱਤਵਪੂਰਨ ਅਤੇ ਸੁਤੰਤਰ ਵਿਧਾ ਦੇ ਰੂਪ ਵਿਚ ਪ੍ਰਚਲਿਤ ਹੈ। ਥਲ ਡੂਘਰ ਭਇਓਮ ਅਜੀਤ ਰਾਹੀ ਦੁਆਰਾ ਰਚਿਤ ਚਰਚਿਤ ਸਫ਼ਰਨਾਮਾ ਹੈ ਜੋ ਕਿਸੇ ਇਕ ਦੇਸ਼ ਬਾਰੇ ਨਹੀਂ ਬਲਕਿ ਇਹ ਲੰਡਨ, ਆਇਰਲੈਂਡ, ਹਾਲੈਂਡ, ਫਰਾਂਸ ਆਦਿ ਦੇਸ਼ਾਂ ਬਾਰੇ ਹੈ। ਭਾਵੇਂ ਲੇਖਕ ਨੇ ਇਹਨਾਂ ਦੇਸ਼ਾਂ ਵਿਚ ਥੋੜ੍ਹਾ ਸਮਾਂ ਹੀ ਬਤੀਤ ਕੀਤਾ ਪਰ ਇੰਨੇ ਥੋੜ੍ਹੇ ਸਮੇਂ ਵਿਚ ਲੇਖਕ ਨੇ ਇੱਥੇ ਰਹਿ ਕੇ ਜੋ ਅਨੁਭਵ ਕੀਤਾ ਉਸਨੂੰ ਸਫ਼ਰਨਾਮੇ ਵਿਚ ਬਾਖੂਬੀ ਢੰਗ ਨਾਲ ਪ੍ਰਸਤੁਤ ਕੀਤਾ। ਲੇਖਕ ਨੂੰ ਲੰਡਨ ਬਾਰੇ ਪਹਿਲਾਂ ਉਸਦੇ ਕਿਸੇ ਦੋਸਤ ਨੇ ਦੱਸਿਆ ਕਿ ਲੰਡਨ ਬਹੁਤ ਵੱਡਾ ਹੈ, ਇੱਥੇ ਜੇਕਰ ਕਾਰ ਵਿਚ ਬੈਠ ਕੇ ਸਫ਼ਰ ਕੀਤਾ ਜਾਵੇ ਤਾਂ ਆਦਮੀ ਭੁੱਲ ਹੀ ਜਾਂਦਾ ਹੈ ਕਿ ਉਹ ਕਿੱਧਰ ਜਾ ਰਿਹਾ ਹੈ। ਇਸ ਲਈ ਇੱਥੋਂ ਦੇ ਲੋਕ ਜ਼ਿਆਦਾ ਅੰਡਰ-ਗਰਾਊਂਡ ਟਰੇਨਾਂ ਵਿਚ ਸਫ਼ਰ ਕਰਦੇ ਹਨ। ਇੱਥੋਂ ਦੇ ਲੋਕ ਸਮੇਂ ਦੀ ਬਹੁਤ ਜ਼ਿਆਦਾ ਕਦਰ ਕਰਦੇ ਹਨ। ਸਿਹਤ ਅਤੇ ਸਫ਼ਾਈ ਵੱਲ ਖਾਸਾ ਧਿਆਨ ਦਿੱਤਾ ਜਾਂਦਾ ਹੈ। ਲੇਖਕ ਦੱਸਦਾ ਹੈ ਕਿ ਲੰਡਨ ਵਾਸੀਆਂ ਜਾਂ ਉੱਥੋਂ ਦੀ ਸਰਕਾਰ ਨੇ ਸੰਸਾਰ ਭਰ ਤੋਂ ਲੁੱਟ ਕੇ ਲਿਆਂਦੀਆਂ ਵਸਤਾਂ ਨੂੰ ਇਕ ਯਾਦ ਵਜੋਂ ਸਾਂਭ ਕੇ ਰੱਖਿਆ ਹੋਇਆ ਹੈ। ਭਾਵੇਂ ਇਹ ਵਸਤਾਂ ਲੰਡਨ ਦੇਸ਼ ਦੀਆਂ ਆਪਣੀਆਂ ਨਹੀਂ ਹਨ, ਪਰ ਫਿਰ ਵੀ ਇੱਥੋਂ ਦੀ ਸਰਕਾਰ ਨੇ ਇਹਨਾਂ ਵਸਤਾਂ ਨੂੰ ਸੰਸਾਰ ਭਰ ਤੋਂ ਆਉਣ ਵਾਲੇ ਲੋਕਾਂ ਲਈ ਦੇਖਣ ਵਜੋਂ ਸਾਂਭਿਆ ਹੋਇਆ ਹੈ। ਹੋ ਸਕਦਾ ਹੈ ਕਿ ਇਹਨਾਂ ਲੋਕਾਂ ਨੇ ਅਜੇ ਵੀ ਦੂਜੇ ਦੇਸ਼ਾਂ ਨੂੰ ਨੀਵਾਂ ਵਿਖਾਉਣ ਲਈ ਇਹ ਸਭ ਵਸਤਾਂ ਸਾਂਭ ਕੇ ਰੱਖੀਆਂ ਹੋਣ?

ਰਾਹੀ ਜਿਨ੍ਹਾਂ ਦੇਸ਼ਾਂ ਵਿਚ ਵੀ ਗਿਆ ਉੱਥੋਂ ਦੀ ਸਮਾਜਕ ਅਵਸਥਾ ਨੂੰ ਵੀ ਬਿਆਨ ਕਰਦਾ ਹੈ। ਲੇਖਕ ਦੱਸਦਾ ਹੈ ਕਿ ਇਹਨਾਂ ਦੇਸ਼ਾਂ ਵਿਚ ਪਰਿਵਾਰ ਹਰ ਰੋਜ਼ ਟੁੱਟਦੇ ਹਨ, ਨੌਜਵਾਨ ਪੀੜ੍ਹੀ ਬੇਲਗ਼ਾਮ ਹੋ ਰਹੀ ਹੈ। ਲੋਕ ਹਰ ਪ੍ਰਕਾਰ ਦਾ ਨਸ਼ਾ ਕਰਦੇ ਹਨ। ਇੱਥੋਂ ਦੀਆਂ ਕੁੜੀਆਂ ਪੈਸਿਆਂ ਦੀ ਖ਼ਾਤਰ ਹਰ ਪ੍ਰਕਾਰ ਦਾ ਕੰਮ ਕਰਨ ਨੂੰ ਤਿਆਰ ਹੋ ਜਾਂਦੀਆਂ ਹਨ। ਵੇਸਵਾਵਾਂ ਦੀ ਬਹੁਤ ਜ਼ਿਆਦਾ ਭਰਮਾਰ ਹੈ। ਜਿਸਦੀ ਮਿਸਾਲ ਲੇਖਕ ਨੇ ਇਸ ਪ੍ਰਕਾਰ ਦਰਸਾਈ ਹੈ :

*ਫਰੈਂਕਫਰਟ ਦੇ ਇਕ ਸਟੇਸ਼ਨ ਕੋਲ ਅਮਲੀਆਂ ਦੀਆਂ ਢਾਣੀਆਂ ਖੜੀਆਂ ਸਨ। ਕਿਤੇ-ਕਿਤੇ ਇਕੱਲੀ ਦੁਕੱਲੀ ਔਰਤ ਬੰਦ ਹੋ ਰਹੀ ਦੁਕਾਨ ਦੀ ਮੁੱਖ ਕੰਧ ਨਾਲ ਜਾਂ ਗਲੀ ਦੇ ਕਿਸੇ ਖੂੰਜੇ ਤੇ ਪੇਤਲੇ ਜਿਹੇ ਹਨੇਰੇ ਵਿਚ ਖੜੀ ਦਿਸ ਰਹੀ ਹੈ। ਤੁਰਿਆਂ ਜਾਂਦਿਆਂ ਜਦੋਂ ਉਸਦੀ ਨਿਗ੍ਹਾ ਕਿਸੇ ਮਨੁੱਖ ਨਾਲ ਮਿਲ ਜਾਂਦੀ ਹੈ ਤਾਂ ਉਹ ਸਿਰਫ਼ ਤੁਹਾਨੂੰ ਸੋਚਣ ਤਕ ਦੀ ਆਵਾਜ਼ ਵਿਚ ਆਖੇਗੀ ਤੀਹ ਮਾਰਕ ਜਾਂ 'ਚਾਲੀ ਮਾਰਕ' ਤੇ ਜਾਂ ਜਿਹੋ ਜਿਹੀ ਉਸਦੀ ਦਿੱਖ ਹੋਵੇਗੀ ਉਹੋ ਜਿਹਾ ਹੀ ਭਾਅ ਜਾਂ ਮੁੱਲ ਦੱਸੇਗੀ।?*[2]

ਇਹਨਾਂ ਦੇਸ਼ਾਂ ਦੇ ਲੋਕ ਆਪਣੇ ਕੰਮਾਂ ਪ੍ਰਤੀ ਬਹੁਤ ਜ਼ਿਆਦਾ ਸੁਚੇਤ ਰਹਿੰਦੇ ਹਨ। ਕਿਸੇ ਅੰਧ ਵਿਸ਼ਵਾਸ ਵਿਚ ਨਾ ਪੈਂਦੇਂ ਹੋਏ ਆਪਣੇ ਕੰਮ ਨੂੰ ਹੀ ਪੂਜਾ ਮੰਨਦੇ ਹਨ। ਰਾਹੀ ਨੇ ਇਸ ਸਫ਼ਰਨਾਮੇ ਵਿਚ ਪਰਦੇਸਾਂ ਵਿਚ ਰਹਿ ਰਹੇ ਪੰਜਾਬੀਆਂ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ ਦਾ ਜ਼ਿਕਰ ਵੀ ਕੀਤਾ ਹੈ, ਜਿਸਨੂੰ ਲੇਖਕ ਨੇ ਸਫ਼ਰਨਾਮੇ ਦੇ ਆਖ਼ਰੀ ਕਾਂਡ ਵਿਚ 'ਵਿਦੇਸ਼ਾਂ ਵਿਚ ਰੁਲਦੀ ਪੰਜਾਬੀ ਜਵਾਨੀ' ਵਿਚ ਪ੍ਰਗਟਾਇਆ ਹੈ। ਲੇਖਕ ਜਿੰਨਾ ਲੋਕਾਂ ਦੇ ਸੰਪਰਕ ਵਿਚ ਆਇਆ, ਉਹਨਾਂ ਦੇ ਜੀਵਨ ਅਨੁਭਵ, ਅਸੰਤੁਸ਼ਟਤਾ ਅਤੇ ਸੰਕਟਾਂ ਦਾ ਵਰਨਣ ਸਫ਼ਰਨਾਮੇ ਵਿਚ ਕੀਤਾ ਅਤੇ ਨਾਲ ਹੀ ਉਹਨਾਂ ਦੀ ਪੰਜਾਬ ਮਿੱਟੀ ਅਤੇ ਪਿਆਰ ਦੀ ਭਾਵਨਾ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ। ਲੇਖਕ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਗੱਲ ਵਿਚ ਨਿਹਿਤ ਹੈ ਕਿ ਉਸਨੇ ਤੱਥਾਂ ਦੀ ਪੇਸ਼ਕਾਰੀ ਅਤੇ ਇਹਨਾਂ ਦੀ ਪ੍ਰਮਾਣਿਕਤਾ ਨੂੰ ਸਾਬਤ ਕਰਨ ਲਈ ਸਫ਼ਰਨਾਮੇ ਵਿਚ ਤਸਵੀਰਾਂ ਸ਼ਾਮਲ ਕੀਤੀਆਂ ਹਨ ਤਾਂ ਜੋ ਪਾਠਕ ਨੂੰ ਕਿਸੇ ਪ੍ਰਕਾਰ ਦਾ ਕੋਈ ਸ਼ੰਕਾ ਜਾਂ ਭੁਲੇਖਾ ਨਾ ਰਹੇ। ਇਸ ਪ੍ਰਸਤੁਤੀ ਨਾਲ ਉਸਦੀ ਵਾਰਤਕ ਕਲਾ ਵਿਚ ਹੋਰ ਵੀ ਜ਼ਿਆਦਾ ਨਿਖਾਰ ਆਇਆ।

**ਕਬਰ ਜਿਨ੍ਹਾਂ ਦੀ ਜੀਵੇ ਹੂ**

ਚੇਤਨ ਸਮਾਜ ਦੀ ਉਪਜ ਵਾਰਤਕ ਹੁੰਦੀ ਹੈ ਅਤੇ ਚੇਤਨ ਵਾਰਤਕ ਦੀ ਉਪਜ ਨਿਬੰਧ। ਦੂਜੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਨਿਬੰਧ ਸਵੈ ਪ੍ਰਗਟਾਵੇ ਦਾ ਵਿਕਸਿਤ ਰੂਪ ਹੈ। ਨਿਬੰਧ ਸਾਹਿਤ ਆਧੁਨਿਕ ਪੰਜਾਬੀ ਵਾਰਤਕ ਦੀਆਂ ਸਮੁੱਚੀਆਂ ਵਿਧਾਵਾਂ(ਸਵੈ-ਜੀਵਨੀ, ਸਫ਼ਰਨਾਮਾ, ਰੇਖਾ-ਚਿੱਤਰ, ਡਾਇਰੀ, ਸੰਸਮਰਣ ਆਦਿ) ਨਾਲੋਂ ਮਹੱਤਵਪੂਰਨ ਅਤੇ ਸੁਤੰਤਰ ਵਿਧਾ ਹੈ। ਜਿਸ ਵਿਚ ਘੱਟ ਤੋਂ ਘੱਟ ਸ਼ਬਦਾਂ ਨੂੰ ਵੱਧ ਤੋਂ ਵੱਧ ਭਾਵਾਂ ਦੁਆਰਾ ਪ੍ਰਗਟਾਇਆ ਜਾਂਦਾ ਹੈ। ਕਿਉਂਜੋ ਲੇਖਕ ਦੀ ਵਾਰਤਕ ਕਲਾ ਦਾ ਵਿਕਸਿਤ ਰੂਪ ਨਿਬੰਧ ਵਿਚ ਪ੍ਰਗਟਾਇਆ ਜਾਂਦਾ ਹੈ। ਨਿਬੰਧ ਚੇਤਨ ਸਿਰਜਣਾ ਦਾ ਸਵੈ ਪ੍ਰਗਟਾਵਾ ਜਾਂ ਆਤਮ ਪ੍ਰਕਾਸ਼ਨ ਹੈ। ਉਂਜ ਤਾਂ ਸਮੁੱਚਾ ਸਾਹਿਤ ਹੀ ਆਤਮ ਪ੍ਰਕਾਸ਼ਨ ਦੀ ਦੇਣ ਹੈ ਪਰ ਨਿਬੰਧ ਵਿਚ ਨਿਬੰਧਕਾਰ ਪਾਠਕਾਂ ਨਾਲ ਸਿੱਧਾ ਤੇ ਬੌਧਿਕ ਸੰਬੰਧ ਸਥਾਪਤ ਕਰਦਾ ਹੈ। ਅਜੀਤ ਰਾਹੀ ਦੁਆਰਾ ਰਚਿਤ ਨਿਬੰਧ ਕਬਰ ਜਿੰਨਾ ਦੀ ਜੀਵੇ ਹੂ ਜੀਵਨੀ ਮੂਲਕ ਨਿਬੰਧ ਹਨ। ਰਾਹੀ ਨੇ ਇਸ ਪੁਸਤਕ ਵਿਚ ਵਿਸ਼ਵ ਸਾਹਿਤ ਵਿਚ ਹੋ ਚੁੱਕੇ ਯੂਰਪੀਨ ਸਾਹਿਤਕਾਰਾਂ ਜਿਨ੍ਹਾਂ ਵਿਚ ਸ਼ੈਕਸਪੀਅਰ, ਥਾਮਸ ਹਾਰਡੀ, ਜੇਮਜ਼ ਜੋਇਸ, ਸਿੰਗਮਡ ਫਰਾਇਡ, ਕ੍ਰਿਸ਼ਟੀ ਬਰਾਊਨ, ਰਾਬਰਟ ਬਰਨਜ਼, ਜੌਹਨ ਕੀਟਸ ਆਦਿ ਦੇ ਜਨਮ, ਮੌਤ ਉਹਨਾਂ ਦੇ ਜੀਵਨ ਅਤੇ ਸਾਹਿਤਕ ਖੇਤਰ ਵਿਚ ਪਾਏ ਯੋਗਦਾਨ ਨੂੰ ਸੰਨ, ਸੰਮਤ ਅਨੁਸਾਰ ਦਰਜ ਕਰਨ ਦਾ ਸਫਲ ਯਤਨ ਕੀਤਾ ਹੈ। ਇਹਨਾਂ ਮਹਾਨ ਲੇਖਕਾਂ ਦੇ ਵਰਤੋਂ ਵਿਹਾਰ ਦੀਆਂ ਵਸਤਾਂ ਨੂੰ ਦੇਖ ਕੇ ਪਾਠਕ ਇਸ ਪ੍ਰਕਾਰ ਮਹਿਸੂਸ ਕਰਦਾ ਹੈ ਜਿਵੇਂ ਲੇਖਕ ਅਸਲੀ ਰੂਪ ਵਿਚ ਪਾਠਕਾਂ ਨਾਲ ਵਿਚਰ ਰਹੇ ਹੋਣ। ਰਾਹੀ ਆਪਣੇ ਪੰਜਾਬੀ ਪਿਆਰਿਆਂ ਨੂੰ ਵੀ ਆਪਣੇ ਹੋ ਚੁੱਕੇ ਸਾਹਿਤਕਾਰਾਂ ਦੀਆਂ ਵਸਤਾਂ ਸੰਭਾਲਣ ਲਈ ਸੁਚੇਤ ਕਰਦਾ ਹੈ। ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਭਾਵੇਂ ਸਮੁੱਚਾ ਵਿਸ਼ਵ ਖ਼ਤਮ ਹੋ ਜਾਵੇ ਪਰ ਇਹਨਾਂ ਯੂਰਪੀਨ ਮਹਾਨ ਸਾਹਿਤਕਾਰਾਂ ਦੇ ਚਿੰਨ੍ਹ ਰਹਿੰਦੀ ਦੁਨੀਆਂ ਤਕ ਅਮਰ ਰਹਿਣਗੇ।

**ਜ਼ਮੀਂ ਖਾ ਗਈ ਆਸਮਾਂ ਕੈਸੇ-ਕੈਸੇ ਅਤੇ ਆਪਣੇ ਸਨਮੁੱਖ**

ਜ਼ਮੀ ਖਾ ਗਈ ਆਸਮਾਂ ਕੈਸੇ-ਕੈਸੇ। ਵਿਚਲੀਆਂ ਰਾਹੀ ਦੀਆਂ ਯਾਦਾਂ ਸਾਹਿਤਕਾਰਾਂ ਨਾਲ ਸੰਬੰਧਿਤ ਹਨ। ਬੇਸ਼ੱਕ ਇਹ ਯਾਦਾਂ ਦੂਸਰੇ ਵਿਅਕਤੀਆਂ ਨਾਲ ਸੰਬੰਧਿਤ ਹਨ ਪਰ ਰਾਹੀ ਖੁਦ ਵੀ ਇਹਨਾਂ ਵਿਅਕਤੀਆਂ ਵਿਚ ਵਿਚਰਿਆ। ਇਸ ਪੁਸਤਕ ਵਿਚਲੀਆਂ ਯਾਦਾਂ ਨੂੰ ਰਾਹੀ ਨੇ ਦੋ ਭਾਗਾਂ ਵਿਚ ਅੰਕਿਤ ਕੀਤਾ ਹੈ। ਪਹਿਲੇ ਭਾਗ ਵਿਚ ਉਹਨਾਂ ਮਹਾਨ ਲੇਖਕਾਂ ਦੀਆਂ ਯਾਦਾਂ ਹਨ ਜੋ ਲੇਖਕ ਦੀ ਸਮੇਂ-ਸਮੇਂ ਯੋਗ ਅਗਵਾਈ ਕਰਦੇ ਰਹੇ ਹਨ ਜਾਂ ਫਿਰ ਕੁਝ ਨੇੜੇ ਦੇ ਦੋਸਤ ਹਨ ਜਿਨ੍ਹਾਂ ਤੋਂ ਰਾਹੀ ਪ੍ਰਭਾਵਿਤ ਹੁੰਦਾ ਰਿਹਾ ਹੈ। ਇਹਨਾਂ ਲੇਖਕਾਂ ਵਿਚ ਗਿਆਨੀ ਹੀਰਾ ਸਿੰਘ ਦਰਦ, ਸਾਧੂ ਸਿੰਘ ਹਮਦਰਦ, ਪ੍ਰਿੰ. ਸੁਜਾਨ ਸਿੰਘ, ਸ਼ਿਵ ਕੁਮਾਰ, ਗਗਨ ਪਾਕਿਸਤਾਨੀ, ਐਸ.ਐਸ.ਮੀਸ਼ਾ, ਤਰਸੇਮ ਪੁਰੇਵਾਲ ਆਦਿ ਹਨ। ਦੂਸਰੇ ਭਾਗ ਵਿਚ ਉਹਨਾਂ ਮਹਾਨ ਲੇਖਕਾਂ ਨਾਲ ਸੰਬੰਧਿਤ ਯਾਦਾਂ ਹਨ ਜਿਨ੍ਹਾਂ ਨੂੰ ਰਾਹੀ ਨੇ 'ਮਘਦੇ ਵਰ੍ਹਿਆਂ ਦੇ ਦਘਦੇ ਸਾਥੀ ਅਤੇ 'ਤੱਤੀਆਂ ਰੇਤਾਂ ਦੇ ਪਾਂਧੀ' ਕਿਹਾ ਹੈ। ਤੱਤੀਆਂ ਰੇਤਾਂ ਜਾਂ ਮਘਦੇ ਵਰ੍ਹਿਆ ਦੇ ਇਹ ਸਾਥੀ ਨਕਸਲਵਾਦੀ ਦੌਰ ਦੀ ਉਪਜ ਹਨ। ਇਹ ਯਾਦਾਂ ਨਕਸਲਵਾਦੀ ਲਹਿਰ ਦਾ ਇਤਿਹਾਸ ਵੀ ਸਿਰਜਦੀਆਂ ਹਨ ਕਿਉਂਜੋ ਰਾਹੀ ਖੁਦ ਇਸ ਲਹਿਰ ਦਾ ਇਕ ਹਿੱਸਾ ਵੀ ਰਿਹਾ ਸੀ। ਇਹਨਾਂ ਲੇਖਕਾਂ ਵਿਚ ਅਵਤਾਰ ਸਿੰਘ,ਪਾਸ਼. ਦਰਸ਼ਨ ਦੁਸਾਂਝ, ਇਕਬਾਲ ਮੰਗੂਵਾਲ ਅਤੇ ਬਲਦੇਵ ਮਾਨ ਆਦਿ ਹਨ।ਲੇਖਕ ਦਾ ਪ੍ਰਮੁੱਖ ਉਦੇਸ਼ ਇਹਨਾਂ ਹੋ ਚੁੱਕੇ ਮਹਾਨ ਸਾਹਿਤਕਾਰਾਂ ਨੂੰ ਪਾਠਕਾਂ ਸਾਹਵੇਂ ਰੂ-ਬ-ਰੂ ਕਰਨ ਦਾ ਹੈ, ਤਾਂ ਜੋ ਪਾਠਕ ਜਨ ਇਹਨਾਂ ਮਹਾਨ ਲੇਖਕਾਂ ਬਾਰੇ ਜਾਣੂ ਹੋ ਸਕਣ।

ਇਹਨਾਂ ਲੇਖਕਾਂ ਨਾਲ ਬੀਤੀਆਂ ਯਾਦਾਂ ਨੂੰ ਰਾਹੀ ਪੁਸਤਕ ਦੀ ਜਿਲਦ ਉੱਪਰ ਵਿਅਕਤ ਕਰਦਾ ਹੋਇਆ ਕਾਵਿਕ ਅੰਦਾਜ਼ ਵਿਚ ਦੱਸਦਾ ਹੈ ਕਿ 'ਮੇਰੀ ਜ਼ਿੰਦਗੀ ਵਿਚ ਇਹ ਧਰਤੀਆਂ ਵਰਗੇ ਲੋਕ ਇਸ ਤਰ੍ਹਾਂ ਆਏ ਕਿ ਆਪਣਾ ਸਦੀਵੀ ਨਿਸ਼ਾਨ ਛੱਡ ਗਏ। ਭਾਵੇਂ ਇਹ ਲਪ ਕੁ ਤਾਰਿਆਂ ਜਿੰਨੇ ਹੀ ਸਨ ਪਰ ਇਹ ਜਿੱਥੇ-ਜਿੱਥੇ ਵੀ ਡਿੱਗੇ, ਧਰਤੀ ਦੀ ਨਾਭੀ ਵਿਚ ਐਸੇ ਖੁੱਭੇ ਕਿ ਧਰਤੀ ਸਦੀਆਂ ਤਕ ਉਹਨਾਂ ਦੇ ਚਿੰਨ੍ਹ ਮਿਟਾ ਨਹੀਂ ਸਕੇਗੀ। ਮੇਰੇ ਛੋਟੇ ਜਿਹੇ ਗਗਨ ਦੇ ਇਹ ਮਹਾਨ ਆਸਮਾਂ ਰਹਿੰਦੀ ਦੁਨੀਆਂ ਤਕ ਸਲਾਮਤ ਰਹਿਣਗੇ, ਭਾਵੇਂ ਧਰਤੀ ਨੇ ਇਹਨਾਂ ਦੀ ਦੇਹ ਨੂੰ ਆਪਣੇ ਵਿਚ ਸਮਾ ਲਿਆ ਹੈ, ਪਰ ਲੋਕਾਂ ਦੇ ਚੇਤਿਆ ਦੀ ਧਰਤ ਇਹਨਾਂ ਨੂੰ ਸਦਾ ਸਾਂਭ ਕੇ ਰੱਖੇਗੀ'।

**ਆਪਣੇ ਸਨਮੁੱਖ:**

ਸੰਸਮਰਣ/ਯਾਦਾਂ ਨਾਲ ਸੰਬੰਧਿਤ ਅਜੀਤ ਰਾਹੀ ਦੀ ਦੂਸਰੀ ਪੁਸਤਕ ਆਪਣੇ ਸਨਮੁੱਖ ਹੈ। ਪੁਸਤਕ ਦੀ ਗਰਭ ਜੂਨ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਸਨੂੰ ਲਿਖਣ ਲਈ ਅਜੀਤ ਰਾਹੀ ਨੂੰ ਅੰਮ੍ਰਿਤਾ ਪ੍ਰੀਤਮ ਜੀ ਨੇ ਪ੍ਰੇਰਿਤ ਕੀਤਾ। ਇਸ ਪੁਸਤਕ ਵਿਚ ਰਾਹੀ ਨੇ ਉਹ ਕੁਝ ਅੰਕਿਤ ਕੀਤਾ ਹੈ ਜੋ ਉਹ ਆਪਣੀ ਸਵੈ-ਜੀਵਨੀ ਅੱਧੀ ਸਦੀ ਦਾ ਸਫ਼ਰ ਵਿਚ ਨਹੀਂ ਸੀ ਲਿਖ ਸਕਿਆ ਜਾਂ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਆਪਣੇ ਸਨਮੁੱਖ ਪੁਸਤਕ ਵਿੱਚ ਉਹ ਯਾਦਾਂ ਹਨ ਜੀਵ ਮਨੁੱਖ ਸ਼ੀਸ਼ੇ ਮੂਹਰੇ ਨੰਗਾ ਹੋਕੇ ਆਪਣਾ ਆਪ ਵੇਖਦਾ ਹੈ। ਆਪਣੇ ਸਨਮੁੱਖ ਵਿਚਲੀਆਂ ਘਟਨਾਵਾਂ ਜੋ ਅਜੀਤ ਰਾਹੀ ਦੇ ਆਪਣੇ ਜੀਵਨ ਨਾਲ ਸੰਬੰਧਿਤ ਹਨ ਨੂੰ ਸਤਾਰਾਂ (17) ਕਾਂਡਾਂ ਵਿਚ ਅੰਕਿਤ ਕਰ ਕੇ ਵੱਖ-ਵੱਖ ਸਿਰਲੇਖਾਂ ਅਧੀਨ ਪਾਠਕਾਂ ਸਾਹਵੇਂ ਦ੍ਰਿਸ਼ਟੀਗੋਚਰ ਕੀਤਾ ਹੈ। ਜੀਵਨ ਵਿਚਲੀਆਂ ਘਟਨਾਵਾਂ ਨੂੰ ਉਸਨੇ ਬਾਰੀਕੀ ਨਾਲ ਰੂ-ਬ-ਹੂ ਪੇਸ਼ ਕਰਨ ਦਾ ਭਰਪੂਰ ਉਪਰਾਲਾ ਕੀਤਾ ਹੈ ਜਿਸਤੋਂ ਪਾਠਕ ਜਨ ਵਿਚ ਸੱਚ ਕਹਿਣ ਦੀ ਉਤਸੁਕਤਾ ਪੈਦਾ ਹੁੰਦੀ ਹੈ। ਆਪਣੇ ਸਨਮੁੱਖ ਪੁਸਤਕ ਦੀ ਗਾਥਾ ਨੂੰ ਬਿਆਨ ਕਰਦਾ ਹੋਇਆ ਰਾਹੀ ਦੱਸਦਾ ਹੈ ਕਿ:

> *ਬੜਾ ਔਖਾ ਹੈ ਆਪਣੇ ਸਨਮੁੱਖ ਹੋਣਾ। ਜਿਵੇਂ ਆਪਣੇ ਸਾਹਮਣੇ ਆਪਣੇ ਅਤੀਤ ਦੇ ਪ੍ਰਛਾਵਿਆਂ ਨੂੰ ਪੁੱਠੇ ਲਟਕਦੇ ਵੇਖਣਾ ਹੋਵੇ। ਇਹਨਾਂ ਵਿਚ ਕੁਝ ਪ੍ਰਛਾਵੇ ਤਾਂ ਅਜਿਹੇ ਹੁੰਦੇ ਹਨ ਜਿੰਨ੍ਹਾਂ ਨੂੰ ਵੇਖਦਿਆਂ ਤਨ ਮਨ ਸ਼ਰਮ ਨਾਲ ਪਾਣੀ-ਪਾਣੀ ਹੋ ਜਾਂਦਾ ਹੈ, ਕੁਝ ਅਜਿਹੇ ਹਨ ਜੋ ਦਿਮਾਗ ਦੀਆਂ ਨਾੜਾਂ ਨੂੰ ਸਿਤਾਰ ਦੀਆਂ ਤਾਰਾਂ ਵਾਂਗ ਕੱਸ ਦਿੰਦੇ ਹਨ। ਅਜਿਹੇ ਹੀ ਕੁਝ ਪੁੱਠੇ ਲਟਕਦੇ ਆਪਣੇ ਅਤੀਤ ਤੇ ਪ੍ਰਛਾਵਿਆਂ ਦੀ ਗਾਥਾ ਹੈ ਇਹ ਪੁਸਤਕ।*[3]

ਉਪਰੋਕਤ ਵਿਚਾਰ ਚਰਚਾ ਦਾ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜੀਤ ਰਾਹੀ ਦੀ ਵਾਰਤਕ ਬੜੀ ਸਾਫ-ਸੁਥਰੀ, ਹਲਕੀ-ਫੁਲਕੀ, ਸੰਜਮ ਭਰਭੂਰ ਸਰਲ ਤੇ ਸਪੱਸ਼ਟ ਹੋਣ ਕਾਰਣ ਭਰਭੂਰ ਸਾਹਿਤਕਤਾ ਦੀ ਧਾਰਨੀ ਹੈ। ਉਸਦੀ ਹਰੇਕ ਰਚਨਾ ਵਿਚੋਂ ਕਾਵਿਕਤਾ ਦੀ ਬਹੁਤਾਤ ਹੈ।

## ਹਵਾਲੇ ਅਤੇ ਟਿੱਪਣੀਆਂ


1. ਰਾਹੀ, ਅਜੀਤ (1968), ਅੱਧੀ ਸਦੀ ਦਾ ਸਫ਼ਰ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ, ਪੰਨਾ: 7.
2. ਰਾਹੀ, ਅਜੀਤ (1992), ਬਲ ਡੂਘਰ ਭਵਿਖ, ਨਵਯੁੱਗ ਪਬਲਿਸ਼ਰਜ਼, ਨਵੀ ਦਿੱਲੀ, ਪੰਨਾ: 31.
3. ਰਾਹੀ, ਅਜੀਤ (2005), ਆਪਣੇ ਸਨਮੁੱਖ, ਕੁਕਨੂਸ ਪ੍ਰਕਾਸ਼ਨ, ਜਲੰਧਰ, ਪੰਨਾ: 23.


### *Cite this Article-*


*ਡਾ.ਮਲਕੀਅਤ ਸਿੰਘ (Dr. Malkiat Singh), ਅਜੀਤ ਰਾਹੀ ਦੀ ਵਾਰਤਕ ਕਲਾ ਅਤੇ ਸਾਹਤਿਕ ਯੋਗਦਾਨ (Ajit Raahi Di Vartak Kala Ate Sahitik Yogdan), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 149-152.*

*Journal URL: www.armaan.org.in*

*DOI: https://doi.org/10.64119/armaan.vol.4.issue1.28*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/